# ਮੱਧਕਾਲ ਵਿਚ ਲੇਖਕ ਦੀ ਭੂਮਿਕਾ

ਲੇਖਕ ਅਤੇ ਲਿਖਤ ਦਾ ਸਮਾਜ-ਸਭਿਆਚਾਰ ਨਾਲ ਡੂੰਘਾ ਰਿਸ਼ਤਾ ਹੈ। ਕਾਰਣ ਇਹ ਹੈ ਕਿ ਗਿਆਨ ਅਤੇ ਅਨੁਭਵ ਦੇ ਧਰਾਤਲ ਉੱਤੇ ਹਰ ਲੇਖਕ ਆਪਣੇ ਵਿਰਸੇ ਅਤੇ ਵਰਤਮਾਨ ਨਾਲ ਜੁੜਿਆ ਹੁੰਦਾ ਹੈ ਅਤੇ ਓਸੇ ਤੋਂ ਹੀ ਪ੍ਰੇਰਿਤ ਜਾਂ ਪ੍ਰਭਾਵਿਤ ਹੁੰਦਾ ਹੈ। ਇਸੇ ਲਈ ਹਰ ਲਿਖਤ ਵਿਚੋਂ ਵੇਲੇ ਦੀ ਹਕੀਕਤ ਅਤੇ ਮਾਨਵੀ ਸਰੋਕਾਰਾਂ ਦੀ ਨੁਹਾਰ ਸਹਿਜੇ ਹੀ ਪਛਾਣੀ ਜਾ ਸਕਦੀ ਹੈ। ਸਾਡੇ ਸਾਮ੍ਹਣੇ ਮਸਲਾ ਇਹ ਹੈ ਕਿ ਪੰਜਾਬ ਦੇ ਮੱਧਕਾਲੀਨ ਇਤਿਹਾਸਕ ਦੌਰ ਵਿਚ ਲੇਖਕ ਜਾਂ ਸਾਹਿਤਕਾਰ ਦੀ ਕੀ ਭੂਮਿਕਾ ਰਹੀ ਹੈ? ਅਤੇ ਉਸਨੇ ਚੇਤ-ਅਚੇਤੀ ਆਪਣੇ ਦੌਰ ਦੀਆਂ ਸਾਮਾਜਿਕ ਅਤੇ ਸਭਿਆਚਾਰਕ ਵੰਗਾਰਾਂ ਨਾਲ ਨਜਿਠਣ ਲਈ ਕਿਸ ਕਿਸਮ ਦੇ ਸਿਰਜਣਾਤਮਕ ਉਪਰਾਲੇ ਕੀਤੇ ਹਨ? ਇਨ੍ਹਾਂ ਪ੍ਰਸ਼ਨਾਂ ਦਾ ਭਰੋਸੇ ਯੋਗ ਉੱਤਰ ਤਲਾਸ਼ ਕਰਨ ਲਈ ਅਤੇ ਮੱਧਕਾਲੀ ਲੇਖਕ ਦੀ ਸਿਰਜਣਾਤਮਕ ਭੂਮਿਕਾ ਬਾਰੇ ਚਰਚਾ ਕਰਨ ਲਈ ਸੱਭ ਤੋਂ ਪਹਿਲਾਂ ਇਸ ਦੌਰ ਦੇ ਰਾਜਨੀਤਕ ਅਤੇ ਸਭਿਆਚਾਰਕ ਇਤਿਹਾਸ ਉੱਪਰ ਝਾਤ ਮਾਰਨੀ ਪਵੇਗੀ।

ਸਾਹਿਤ ਦੇ ਇਤਿਹਾਸਕਾਰਾਂ ਨੇ ਪੰਜਾਬੀ ਸਾਹਿਤ ਦਾ ਮੱਧਕਾਲ 11ਵੀਂ,12ਵੀਂ ਸਦੀ ਈਸਵੀ ਤੋਂ ਲੈ ਕੇ 19ਵੀਂ ਸਦੀ ਈਸਵੀ ਦੇ ਪਹਿਲੇ ਅੱਧ ਤਕ ਮਿਥਿਆ ਹੈ। ਇਸਦੀ ਸ਼ੁਰੂਆਤ ਪੰਜਾਬ ਵਿਚ ਇਸਲਾਮੀ ਹਕੂਮਤ ਦੀ ਸਥਾਪਤੀ ਨਾਲ ਹੁੰਦੀ ਹੈ ਅਤੇ ਅੰਤ ਅੰਗ੍ਰੇਜ਼ਾਂ ਦੇ ਪੰਜਾਬ ਉੱਪਰ ਕਬਜ਼ੇ  ਨਾਲ ਹੁੰਦਾ ਹੈ। ਉਨ੍ਹੀਂ ਸਦੀ ਈਸਵੀ ਦੇ ਪਹਿਲੇ ਅੱਧ ਵਿਚ ਮਹਾਰਜਾ ਰਣਜੀਤ ਸਿੰਘ ਦੇ ਤਕਰੀਬਨ ਪੰਜਾਹ ਵਰ੍ਹਿਆਂ ਦੇ ਸ਼ਾਸਣ ਨੂੰ ਛੱਡ ਕੇ ਪੰਜਾਬ ਦੇ ਵਸਨੀਕਾਂ ਲਈ ਇਹ ਸਮੁੱਚਾ ਸਮਾ ਧਾੜਵੀ ਹਮਲਿਆਂ, ਵਿਦੇਸ਼ੀ ਗ਼ੁਲਾਮੀ, ਰਾਜਨੀਤਕ ਉਥਲ-ਪੁਥਲ ਅਤੇ ਸਭਿਆਚਾਰਕ ਸੰਕਟ ਦਾ ਸਮਾ ਰਿਹਾ ਹੈ। ਭਾਵੇਂ ਅੱਠਵੀਂ ਸਦੀ ਈਸਵੀਂ ਦੇ ਆਰੰਭ ਵਿਚ ਹੀ ਮੁਹੰਮਦ ਬਿਨ ਕਾਸਿਮ ਨੇ ਅਰਬ ਵਲੋਂ ਸਿੰਧ ਉੱਤੇ ਹਮਲਾ ਕਰਕੇ ਇਸਲਾਮ ਦੇ ਭਾਰਤ ਵਿਚ ਪ੍ਰਵੇਸ਼ ਦਾ ਮੁੱਢ ਬੰਨ੍ਹ ਦਿੱਤਾ ਸੀ ਪਰ ਇਸਦੇ ਹਕੀਕੀ ਪ੍ਰਸਾਰ ਅਤੇ ਵਿਸਤਾਰ ਦਾ ਰਾਹ ਦਸਵੀਂ ਸਦੀ ਈਸਵੀ ਵਿਚ ਮਹਿਮੂਦ ਗ਼ਜ਼ਨਵੀ ਅਤੇ ਮੁਹੰਮਦ ਗ਼ੌਰੀ ਦੇ ਉਪੋਥਲੀ ਹਮਲਿਆਂ ਨੇ ਖੋਲ੍ਹਿਆ। ਪੰਜਾਬ ਅਤੇ ਭਾਰਤ ਵਿਚ ਪ੍ਰਵੇਸ਼ ਹੋਣ ਵਾਲਾ ਇਹ ਸਾਮੀ/ਇਸਲਾਮੀ ਸੱਭਿਆਚਾਰ ਇਥੋਂ ਦੇ ਆਰੀਆ-ਹਿੰਦੂ ਅਤੇ ਬੋਧ ਸੱਭਿਆਚਾਰ ਨਾਲੋਂ ਬਿਲਕੁਲ ਵੱਖਰਾ ਸੀ। ਕਈ ਮੁਸਲਿਮ ਹਾਕਮਾਂ ਨੇ ਆਪਣੀ ਕੱਟੜ ਮਜ਼੍ਹਬੀ ਨੀਤੀ ਦੇ ਤਹਿਤ ਗ਼ੈਰ-ਮੁਸਲਿਮ ਪਰਜਾ ਨੂੰ ਦਹਿਸ਼ਤ, ਦਮਨ ਅਤੇ ਵਿਤਕਰੇ ਦਾ ਸ਼ਿਕਾਰ ਬਣਾਇਆ। ਪਰ ਸਮਾ ਪਾਕੇ ਦੋਹਾਂ ਸੱਭਿਆਚਾਰਾਂ ਵਿਚਕਾਰ ਟਕਰਾਉ ਅਤੇ ਤਣਾਉ ਦਾ ਇਹ ਦੌਰ ਪਰਸਪਰ ਸੰਵਾਦ ਰਾਹੀਂ ਸਮਨਵੈ ਅਤੇ ਸੁਮੇਲ ਦੀ ਭਾਵਨਾ ਵਿਚ ਵਟਣ ਲੱਗਾ। ਇਸ ਦਿਸ਼ਾ ਵਿਚ ਸੰਤਾਂ, ਭਗਤਾਂ, ਸੂਫ਼ੀਆਂ ਅਤੇ ਗੁਰੂ-ਵਿਅਕਤੀਆਂ ਨੇ ਬਹੁਤ ਅਹਿਮ ਰੋਲ ਅਦਾ ਕੀਤਾ। ਇਨ੍ਹਾਂ ਧਰਮ-ਪ੍ਰਵਰਤਕਾਂ ਨੇ ਆਪਣੀ ਉਦਾਰ ਮਾਨਵਵਾਦੀ ਜੀਵਨ-ਦ੍ਰਿਸ਼ਟੀ ਅਤੇ ਸਰਬ-ਸਾਂਝੀਵਾਲਤਾ ਦੇ ਪੈਗ਼ਾਮ ਰਾਹੀਂ ਮੱਧਕਾਲੀਨ ਭਾਰਤ ਵਿਚ

ਸਭਿਆਚਾਰਕ ਜਾਗ੍ਰਿਤੀ ਦੀ ਇਕ ਅਜਿਹੀ ਵਿਆਪਕ ਲਹਿਰ ਨੂੰ ਜਨਮ ਦਿੱਤਾ ਜਿਸਨੇ ਭਿੰਨ-ਭਿੰਨ ਧਰਮ-ਸੰਪ੍ਰਦਾਵਾਂ, ਜਾਤ-ਬਰਾਦਰੀਆਂ ਅਤੇ ਵਰਗਾਂ ਵਿਚਕਾਰ ਸਾਂਝ ਅਤੇ ਸ਼ਾਂਤਮਈ ਸਹਿ-ਹੋਂਦ ਦਾ ਸੰਦੇਸ਼ ਸੰਚਾਰਿਤ ਕੀਤਾ।

ਕਿਸੇ ਵੀ ਸਾਮਾਜਿਕ ਆਰਥਿਕ ਬਣਤਰ (socio-economic formation) ਵਿਚ ਭਿੰਨ-ਭਿੰਨ ਵਿਚਾਰਧਾਰਾਵਾਂ ਪਰਸਪਰ ਵਿਰੋਧ, ਸੰਘਰਸ਼ ਜਾਂ ਦਵੰਦ ਦੇ ਰਿਸ਼ਤੇ ਵਿਚ ਬੱਝੀਆਂ ਹੋਈਆਂ ਕਾਰਜਸ਼ੀਲ ਹੁੰਦੀਆਂ ਹਨ। ਇਹ ਵਿਚਾਰਧਾਰਾਵਾਂ ਧਰਮ, ਕੌਮ, ਜਾਤ, ਫ਼ਿਰਕੇ ਅਤੇ ਵਰਗ ਦੇ ਆਧਾਰ ਤੇ ਵੰਡੇ ਹੋਏ ਮਨੁੱਖੀ ਭਾਈਚਾਰਿਆਂ ਦੀ ਜੀਵਨ-ਵਿਧੀ ਦਾ ਨਿਰਧਾਰਣ ਕਰਦੀਆਂ ਹਨ। ਮਿਸਾਲ ਵਜੋਂ ਜੇ ਵੇਲੇ ਦੀ ਸਥਾਪਿਤ ਵਿਚਾਰਧਾਰਾ ਹਾਕਮ ਸ਼੍ਰੇਣੀ ਦੀ ਚੌਧਰ ਨੂੰ ਬਣਾਈ ਰੱਖਣ ਲਈ ਅਤੇ ਉਸਦੇ ਹਿੱਤਾਂ ਦੀ ਪੂਰਤੀ ਲਈ ਜਤਨਸ਼ੀਲ ਹੁੰਦੀ ਹੈ ਤਾਂ ਮਹਿਕੂਮ ਦੀ ਵਿਚਾਰਧਾਰਾ ਇਸ ਦਮਨਕਾਰੀ ਵਿਚਾਰਧਾਰਾ ਨੂੰ ਵੰਗਾਰਦੀ ਹੈ ਅਤੇ ਰੋਹ-ਵਿਦਰੋਹ ਨੂੰ ਜ਼ੁਬਾਨ ਦਿੰਦੀ ਹੈ। ਇਸ ਤਰ੍ਹਾਂ ਹਾਕਮ ਅਤੇ ਮਹਿਕੂਮ, ਸੱਤਾਧਾਰੀ ਅਤੇ ਸੱਤਾ-ਵਿਹੀਣ ਵਰਗਾਂ ਵਿਚਕਾਰ ਨਿਰੰਤਰ ਸੰਘਰਸ਼ ਦੀ ਸਥਿਤੀ ਬਣੀ ਰਹਿੰਦੀ ਹੈ। ਜੇ ਹਾਕਮ ਸ਼੍ਰੇਣੀ ਦੀ ਭਾਰੂ ਵਿਚਾਰਧਾਰਾ ਸਥਾਪਿਤ ਪ੍ਰਬੰਧ ਨੂੰ ਹੱਕੀ, ਸੁਭਾਵਿਕ ਅਤੇ ਚਿਰ-ਸਥਾਈ ਬਣਾਈ ਰੱਖਣ ਦਾ ਉਪਰਾਲਾ ਕਰੀ ਹੈ ਤਾਂ ਮਹਿਕੂਮ ਦੀ ਵਿਚਾਰਧਾਰਾ ਇਸਨੂੰ ਵਿਸਥਾਪਿਤ ਕਰਨਾ ਲੋੜਦੀ ਹੈ। ਸਾਮਾਜਿਕ-ਆਰਥਿਕ ਦ੍ਰਿਸ਼ਟੀ ਤੋਂ ਮੱਧਕਾਲੀ ਸਾਹਿਤ ਦੀ ਸਿਰਜਣਾ ਦਾ ਸਮਾ ਸਾਮੰਤਵਾਦ ਦੇ ਦੌਰ ਦਾ ਲਖਾਇਕ ਹੈ ਜਿਸ ਵਿਚ ਹਾਕਮ ਸ਼੍ਰੇਣੀ ਅਤੇ ਉਸ ਨਾਲ ਭਾਈਵਾਲੀ ਪਾਲਣ ਵਾਲੇ ਕੁਲੀਨ ਵਰਗ ਮਿਹਨਤਕਸ਼ ਕਿਸਾਨਾਂ, ਕਿਰਤੀਆਂ ਅਤੇ ਕਾਰੀਗਰਾਂ ਦਾ ਸ਼ੋਸ਼ਣ ਕਰਦੇ ਸਨ। ਇਸਤੋਂ ਇਲਾਵਾ ਹਿੰਦੂ ਸਮਾਜ ਵਿਚ ਬ੍ਰਾਹਮਣਵਾਦੀ ਕਰਮਕਾਂਡ ਅਤੇ ਜਾਤੀ-ਪ੍ਰਥਾ ਵਰਗੀਆਂ ਕੁਰੀਤੀਆਂ ਪ੍ਰਚੱਲਤ ਸਨ ਜੋ ਨਿਮਨ-ਵਰਗਾਂ/ਦਲਿਤ ਜਾਤੀਆਂ ਨੂੰ ਆਰਥਿਕ ਸ਼ੋਸ਼ਣ ਅਤੇ ਸਾਮਾਜਿਕ ਅਨਿਆਂ ਦਾ ਸ਼ਿਕਾਰ ਬਣਾਉਂਦੀਆਂ ਸਨ।

ਪੰਜਾਬ ਦੇ ਮੱਧਕਾਲੀਨ ਇਤਿਹਾਸ ਦੀ ਉਪਰੋਕਤ ਸਥਿਤੀ ਨੂੰ ਧਿਆਨ ਵਿਚ ਰੱਖ ਕੇ ਹੀ ਪੰਜਾਬੀ ਲੇਖਕਾਂ ਦੀ ਸਾਮਾਜਿਕ ਅਤੇ ਸਭਿਆਚਾਰਕ ਭੂਮਿਕਾ ਦਾ ਲੇਖਾ-ਜੋਖਾ ਕੀਤਾ ਜਾ ਸਕਦਾ ਹੈ। ਮੁੱਢਲੀ ਗੱਲ ਇਹ ਹੈ ਕਿ ਮੱਧਕਾਲੀਨ ਦੌਰ ਵਿਚ ਪੰਜਾਬੀ ਸਾਹਿਤ-ਸਭਿਆਚਾਰ ਦੇ ਨਿਰਮਾਨ ਦੀਆਂ ਤਿੰਨ ਮੁੱਖ ਧਾਰਾਵਾਂ ਜਾਂ ਪ੍ਰਵਿਰਤੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ – ਲੋਕ-ਸਾਹਿਤ, ਧਾਰਮਿਕ ਸਹਿਤ ਅਤੇ ਲੌਕਿਕ ਸਾਹਿਤ । ਇਨ੍ਹਾਂ ਦਾ ਆਪੋ ਆਪਣਾ ਸਰੂਪ ਤੇ ਸੁਭਾ ਹੈ। ਲੋਕ-ਸਾਹਿਤ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਵਿਚ ਰਹਿਣ ਵਾਲੇ ਵਸਨੀਕਾਂ ਦੇ ਸਾਮੂਹਿਕ ਅਵਚੇਤਨ ਦੀ ਪ੍ਰਤਿਨਿਧਤਾ ਕਰਦਾ ਹੈ। ਇਸ ਦਾ ਸਿਰਜਣਹਾਰ ਕੋਈ ਵਿਸ਼ੇਸ਼ ਵਿਅਕਤੀ ਨਹੀਂ ਹੁੰਦਾ ਸਗੋਂ ਸਮੁੱਚਾ ਲੋਕ-ਸਮੂਹ ਹੁੰਦਾ ਹੈ ਜੋ ਸਰਬ-ਸਾਂਝੇ ਸਾਮਾਜਿਕ ਅਤੇ ਸਭਿਆਚਾਰਕ ਅਨੁਭਵ ਦੀ ਜ਼ਬਾਨ ਬੋਲਦਾ ਹੈ। ਇਹ ਲੋਕ-ਸਿਮਰਤੀ ਵਿਚ ਵਸੇ ਹੋਏ ਗੀਤਾਂ, ਕਥਾ-ਕਹਾਣੀਆਂ ਅਤੇ ਅਖਾਣ-ਮੁਹਾਵਰਿਆਂ ਆਦਿ ਦੀ ਮੁੱਲਵਨ ਵਿਰਾਸਤ ਦੇ ਰੂਪ ਵਿਚ ਉਜਾਗਰ ਹੁੰਦਾ ਹੈ ਅਤੇ ਮਨੁੱਖੀ ਭਾਈਚਾਰਿਆਂ ਦੇ ਹੋਂਦ-ਮੁਖੀ ਸਰੋਕਾਰਾਂ ਨੂੰ ਪਰੰਪਰਾ ਅਤੇ ਨਿਰੰਤਰਤਾ ਪ੍ਰਦਾਨ ਕਰਦਾ ਹੈ। ਪੰਜਾਬੀ ਲੋਕ-ਸਾਹਿਤ ਦੇ ਸਿਰਜਣਹਾਰਿਆਂ ਨੇ ਵੀ ਆਪਣੇ ਰਚਨਾਤਮਕ ਉੱਦਮ ਰਾਹੀਂ ਇਸੇ ਕਿਸ ਦੀ ਭੂਮਿਕਾ ਨਿਭਾਈ ਹੈ। ਇਨ੍ਹਾਂ ਨੇ ਪੰਜ-ਦਰਿਆਵਾਂ ਦੀ ਇਸ ਧਰਤੀ ਦੇ ਸਾਂਝੇ ਭੂਗੋਲਿਕ ਅਤੇ ਇਤਿਹਾਸਕ

ਅਨੁਭਵ ਨੂੰ ਸਹਿਜ ਅਤੇ ਸਰਲ ਢੰਗ ਨਾਲ ਪ੍ਰਸਤੱਤ ਕੀਤਾ ਹੈ। ਲੋਕ-ਵਿਰਸੇ ਦੀ ਇਸ ਸਾਹਿਤਕ ਵਿਰਾਸਤ ਦਾ ਅਧਿਐਨ ਕਰਦਿਆਂ ਸਾਨੂੰ ਇਸ ਵਿਚ ਇਕ ਪਾਸੇ ਸਰਬ-ਸਾਂਝ, ਸੁਹਿਰਦਤਾ ਅਤੇ ਉਦਾਰਤਾ ਦੀਆਂ ਮਾਨਵਵਾਦੀ ਕਦਾਂ-ਕੀਮਤਾਂ ਦੀ ਝਲਕ ਦਿਖਾਈ ਦਿੰਦੀ ਹੈ ਅਤੇ ਦੂਸਰੇ ਪਾਸੇ ਇਤਿਹਾਸਕ ਵੰਗਰਾਂ ਨਾਲ ਦਸਤ-ਪੰਜਾ ਲੈਣ ਵਾਲੀ ਸੰਘਰਸ਼ਸ਼ੀਲ ਮਾਨਸਿਕਤਾ ਅਤੇ ਨਾਬਰੀ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ।

ਇਸਦੇ ਮੁਕਾਬਲੇ ਉੱਤੇ ਧਾਰਮਿਕ ਸਾਹਿਤ ਮਨੁੱਖੀ ਜੀਵਨ ਦੇ ਪਰਮਾਰਥ ਦੀ ਤਰਜਮਾਨੀ ਕਰਨ ਵਾਲਾ ਸਾਹਿਤ ਹੈ। ਇਸ ਪ੍ਰਵਿਰਤੀ ਦੇ ਅੰਤਰਗਤ ਮੱਧਕਾਲ ਵਿਚ ਪ੍ਰਵਾਹਿਤ ਹੋਣ ਵਾਲੀਆਂ ਗੁਰਮਤਿ ਕਾਵਿ ਅਤੇ ਸੂਫ਼ੀ ਕਾਵਿ ਦੀਆਂ ਧਾਰਾਵਾਂ ਆ ਜਾਂਦੀਆਂ ਹਨ। ਇਨ੍ਹਾਂ ਦੋਹਾਂ ਧਾਰਾਵਾਂ ਨਾਲ ਸੰਬੰਧਿਤ ਲੇਖਕ ਭਾਵੇਂ ਮੂਲ ਰੂਪ ਵਿਚ ਧਰਮ-ਪ੍ਰਵਰਤਕ ਹੋਏ ਜਿਨ੍ਹਾਂ ਦਾ ਅੰਤਿਮ ਪ੍ਰਯੋਜਨ ਮਨੁੱਖ ਦਾ ਅਧਿਆਤਮਕ ਰਪ੍ਰਾਂਤਰਣ ਹੈ ਪਰ ਹਨ ਤਾਂ ਵੀ ਉਨ੍ਹਾਂ ਦੀ ਸਾਹਿਤ-ਚੇਤਨਾ ਦੇ ਪਿਛੋਕੜ ਵਿਚ ਡੂੰਘੇ ਵਿਚਾਰਧਾਰਾਈ ਸਰੋਕਾਰ ਸਮਾਏ ਹੋਏ ਹਨ। ਅਸਲ ਵਿਚ ਇਹ ਦੋਵੇਂ ਸਿਰਜਣਧਾਰਾਵਾਂ ਪਰਮਾਰਥ ਦੇ ਮੁਹਾਵਰੇ ਵਿਚ ਯਥਾਰਥ ਨੂੰ ਹੀ ਸੰਬੋਧਿਤ ਹਨ। ਇਸ ਤਰ੍ਹਾਂ ਮੱਧਕਾਲੀਨ ਦੌਰ ਵਿਚ ਇਨ੍ਹਾਂ ਦੋਹਾਂ ਧਾਰਾਵਾਂ ਨਾਲ ਸੰਬੰਧਿਤ ਲੇਖਕਾਂ ਨੇ ਸਰਗਰਮ ਭੂਮਿਕਾ ਨਿਭਾਈ ਹੈ। ਸੱਭ ਤੋਂ ਪਹਿਲਾਂ ਗੁਰਮਤਿ ਕਾਵਿ ਧਾਰਾ ਦੇ ਲੇਖਕਾਂ ਦੀ ਗੱਲ ਕੀਤੀ ਜਾ ਸਕਦੀ ਹੈ।

ਗੁਰਮਤਿ ਕਾਵਿਧਾਰਾ ਮੱਧਕਾਲ ਦੀ ਅਤਿਅੰਤ ਗੌਰਵਮਈ ਧਾਰਾ ਹੈ। ਇਸ ਕਾਵਿਧਾਰਾ ਦਾ ਸੰਬੰਧ ਵੀ ਮੁੱਖ ਤੌਰ ਤੇ ਲੋਕ-ਜੀਵਨ ਨਾਲ ਰਿਹਾ ਹੈ। ਕਾਰਣ ਇਹ ਹੈ ਕਿ ਇਸ ਕਾਵਿਧਾਰਾ ਨਾਲ ਸੰਬੰਧਿਤ ਧਰਮ-ਪ੍ਰਵਰਤਕ ਅਤੇ ਕਵੀ ਵੇਲੇ ਦੀ ਹਕੂਮਤ ਦਾ ਪੱਖ ਪੂਰਨ ਦੀ ਬਜਾਏ ਪੀੜਿਤ ਲੋਕਾਈ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਵਾਲੇ ਕਵੀ ਬਣ ਕੇ ਸਾਮ੍ਹਣੇ ਆਉਂਦੇ ਹਨ। ਗੁਰਮਤਿ ਕਾਵਿਧਾਰਾ ਦਾ ਮੋਢੀ ਤਾਂ ਭਾਵੇਂ ਗੁਰੂ ਨਾਨਕ ਦੇਵ ਨੂੰ ਮੰਨਿਆਂ ਜਾਂਦਾ ਹੈ ਪਰ ਵਿਚਾਰਧਾਰਾਈ ਤੌਰ ਤੇ ਇਸ ਕਾਵਿਧਾਰਾ ਦਾ ਆਰੰਭ ਗੁਰੂ ਨਾਨਕ ਦੇਵ ਅਤੇ ਹੋਰਨਾਂ ਗੁਰੂ ਸਾਹਿਬਾਨ ਤੋਂ ਪਹਿਲਾਂ ਨਿਰਗੁਣ ਭਗਤੀ ਨਾਲ ਸੰਬੰਧਿਤ ਸੰਤ ਕਵੀਆਂ - ਭਗਤ ਜੈਦੇਵ, ਭਗਤ ਨਾਮ ਦੇਵ, ਭਗਤ ਕਬੀਰ ਅਤੇ ਭਗਤ ਰਵਿਦਾਸ ਦੀ ਬਾਣੀ ਨਾਲ ਬੱਝ ਚੁੱਕਿਆ ਸੀ। ਇਹੀ ਕਾਰਣ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਇਨ੍ਹਾਂ ਸਮੂਹ ਸੰਤਾਂ / ਭਗਤਾਂ ਦੀ ਬਾਣੀ ਨੂੰ ਇਸ ਵਿਚ ਸ਼ਾਮਿਲ ਕਰ ਲਿਆ ਗਿਆ।

ਜਦੋਂ ਅਸੀਂ ਗੁਰਮਤਿ ਕਾਵਿਧਾਰਾ ਦੇ ਸਾਮਾਜਿਕ ਅਤੇ ਇਤਿਹਾਸਕ ਪਿਛੋਕੜ ਵਲ ਝਾਤ ਮਾਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਇਹ ਉਸ ਦੌਰ ਦੀ ਰਚਨਾ ਹੈ ਜਦੋਂ ਭਾਰਤ ਵਿਚ ਇਸਲਾਮੀ ਹਕੂਮਤ ਸਥਾਪਿਤ ਹੋ ਚੁੱਕੀ ਸੀ ਅਤੇ ਇਥੋਂ ਦੀ ਗ਼ੈਰ-ਮੁਸਲਿਮ ਪਰਜਾ ਜ਼ੁਲਮ ਅਤੇ ਬੇ-ਇਨਸਾਫ਼ੀ ਦਾ ਸ਼ਿਕਾਰ ਹੋ ਰਹੀ ਸੀ। ਅਜਿਹੀ ਸਥਿਤੀ ਵਿਚ ਭਗਤੀ ਲਹਿਰ ਦਾ ਉਦੈ ਹੋਇਆ। ਇਸ ਲਹਿਰ ਨੇ ਰੂਹਾਨੀ ਅਧੋਗਤੀ ਅਤੇ ਸਾਮਾਜਿਕ ਪਤਨ ਦੀ ਸ਼ਿਕਾਰ ਲੋਕਾਈ ਦੇ ਮਨੋਬਲ ਨੂੰ ਉੱਚਾ ਉਠਾਉਣ ਦੀ ਚੇਸ਼ਟਾ ਕੀਤੀ। ਇਸ ਨੇ ਵੇਲੇ ਦੇ ਹਾਕਮਾਂ ਦੀ ਕੱਟੜ ਮਜ਼੍ਹਬੀ ਨੀਤੀ ਅਤੇ ਦਮਨ ਦਾ ਮੁਕਾਬਲਾ ਕਰਨ ਲਈ ਨਿਰਭਉ / ਨਿਰਵੈਰ ਮਾਨਸਿਕਤਾ ਉਸਾਰਨ ਦੀ ਚੇਸ਼ਟਾ ਕੀਤੀ। ਇਸਦੇ ਨਾਲ ਹੀ ਸੂਫ਼ੀ ਲਹਿਰ ਦਾ ਉਭਾਰ ਵੀ ਦੇਖਣ ਵਿਚ ਆਉਂਦਾ ਹੈ। ਇਨ੍ਹਾਂ ਦੋਹਾਂ ਲਹਿਰਾਂ ਨੇ ਮੱਧਕਾਲੀਨ ਭਾਰਤ ਵਿਚ ਇਕ ਅਜਿਹੀ ਸਾਮਾਜਿਕ ਅਤੇ ਸੱਭਿਆਚਾਰਕ ਕ੍ਰਾਂਤੀ ਨੂੰ ਜਨਮ ਦਿੱਤਾ ਜਿਸਦਾ ਉੱਘੜਵਾਂ ਲੱਛਣ ਸਮਨਵਯ ਅਤੇ ਸੁਮੇਲ ਦੀ

ਭਾਵਨਾ ਨੂੰ ਮੰਨਿਆਂ ਜਾ ਸਕਦਾ ਹੈ। ਇਸ ਤਰ੍ਹਾਂ ਗੁਰਮਤਿ ਕਾਵਿ ਇਕ ਪਾਸੇ ਭਗਤੀ ਲਰਿਹ ਅਤੇ ਦੂਸਰੇ ਪਾਸੇ ਸੱਭਿਆਚਾਰਕ ਨਵ-ਜਾਗ੍ਰਿਤੀ ਲਹਿਰ ਨਾਲ ਸੰਬੰਧਿਤ ਹੈ। ਇਸ ਕਾਵਿਧਾਰਾ ਦਾ ਵਿਚਾਰਧਾਰਾਈ ਆਧਾਰ ਇਸੇ ਹੀ ਪ੍ਰਸੰਗ ਨਾਲ ਜੁੜਿਆ ਹੋਇਆ ਹੈ।

ਗੁਰਮਤਿ ਕਾਵਿ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਧਾਰਾ ਨਾਲ ਸੰਬੰਧਿਤ ਸਮੂਹ ਕਵੀਆਂ ਨੇ ਹਮੇਸ਼ਾ ਨੀਵੇਂ ਨਿਤਾਣੇ ਅਥਵਾ ਦਲਿਤ ਵਰਗ ਦੇ ਲੋਕਾਂ ਦਾ ਪੱਖ ਪੂਰਿਆ। ਇਸਦੀ ਵਿਚਾਰਧਾਰਾ ਸੱਤਾ-ਵਿਹੂਣੇ ਵਰਗਾਂ, ਸਾਧਾਰਣ ਲੋਕਾਂ ਅਤੇ ਮਹਿਕੂਮ ਦੀ ਵਿਚਾਰਧਾਰਾ ਹੈ। ਆਮ ਲੋਕਾਈ ਦਾ ਪੱਖ ਪੂਰਣ ਵਾਲੀ ਇਹ ਵਿਚਾਰਧਾਰਾ ਹਰ ਕਿਸਮ ਦੇ ਦਮਨ ਅਤੇ ਸ਼ੋਸ਼ਣ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਦੀ ਹੈ। ਇਕ ਪਾਸੇ ਇਹ ਮੁਗ਼ਲ ਸਾਮੰਤਵਾਦ ਦੀ ਕੱਟੜ ਮਜ਼੍ਹਬੀ ਨੀਤੀ ਅਤੇ ਆਰਥਿਕ ਲੁੱਟ-ਖਸੁੱਟ ਦਾ ਵਿਰੋਧ ਕਰਦੀ ਹੈ ਅਤੇ ਦੂਸਰੇ ਪਾਸੇ ਇਹ ਬ੍ਰਾਹਮਣਵਾਦੀ ਕਰਮਕਾਂਡ ਅਤੇ ਮਨੂਵਾਦੀ ਜਾਤੀ ਪ੍ਰਥਾ ਦਾ ਵੀ ਖੰਡਨ ਕਰਦੀ ਹੈ ਜੋ ਸਮਾਜ ਦੇ ਨੀਵੇਂ ਅਤੇ ਨਿਤਾਣੇ ਵਰਗਾਂ ਦੇ ਸਵੈਮਾਣ ਨੂੰ ਕੁਚਲਣ ਦਾ ਪ੍ਰਬੰਧ ਉਸਾਰਦਾ ਹੈ। ਮਿਸਾਲ ਵਜੋਂ ਗੁਰੂ ਨਾਨਕ ਦੇਵ ਦੀਆਂ ਇਹ ਕਾਵਿ-ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ ॥4॥3॥[1]

ਜਦੋਂ ਅਸੀਂ ਇਨ੍ਹਾਂ ਪੰਗਤੀਆਂ ਨੂੰ ਵਿਚਾਰਧਾਈ ਪ੍ਰਵਚਨ ਵਜੋਂ ਵਾਚਦੇ ਹਾਂ ਤਾਂ ਇਹ ਗੱਲ ਪ੍ਰਤੱਖ ਤੌਰ ਤੇ ਉਜਾਗਰ ਹੋ ਜਾਂਦੀ ਹੈ ਕਿ ਗੁਰੂ ਨਾਨਕ ਦੇਵ ਦੀ ਵਿਚਾਧਾਰਕ ਪ੍ਰਤਿਬੱਧਤਾ ਉਨ੍ਹਾਂ ਅਖਾਉਤੀ ਨੀਵੇਂ ਲੋਕਾਂ (ਦੱਬੇ-ਕੁਚਲੇ, ਨੀਵੇਂ, ਨਿਤਾਣੇ ਵਰਗਾਂ) ਨਾਲ ਹੈ ਜਿਨ੍ਹਾਂ ਨੂੰ ਅਜੋਕੀ ਸ਼ਬਦਾਵਲੀ ਵਿਚ ਦਲਿਤ ਆਖਿਆ ਜਾਂਦਾ ਹੈ। ਇਹ ਵਰਗ ਸਰਬ-ਸਾਧਾਰਣ ਮਾਨਵਤਾ ਦਾ ਉਹ ਅੰਗ ਹੈ ਜੋ ਸੱਤਾਧਾਰੀ ਕੁਲੀਨ ਵਰਗਾਂ / ਜਾਤੀਆਂ ਦੇ ਸ਼ੋਸ਼ਣ ਅਤੇ ਦਮਨ ਦਾ ਸ਼ਿਕਾਰ ਬਣਿਆ ਰਿਹਾ ਹੈ। ਗੁਰਬਾਣੀ ਦਾ ਕ੍ਰਾਂਤੀਕਾਰੀ ਪ੍ਰਵਚਨ ਵਰਣ-ਵਿਵਸਥਾ ਦੀ ਮਿੱਥ ਨੂੰ ਰੂਹਾਨੀ ਧਰਾਤਲ ਉੱਤੇ ਰੱਦ ਕਰ ਦਿੰਦਾ ਹੈ । ਇਹ ਪਾਰਗਾਮੀ ਹਸਤੀ (ਬ੍ਰਹਮ) ਦੇ ਸਾਮ੍ਹਣੇ ਮਨੁੱਖ ਦੀ ਬਰਾਬਰੀ ਦਾ ਸੰਕਲਪ ਸਥਾਪਿਤ ਕਰਦਾ ਹੈ ਅਤੇ ਜਾਤਿ ਦੀ ਥਾਵੇਂ ਜੋਤਿ ਦੇ ਮਹੱਤਵ ਨੂੰ ਉਜਾਗਰ ਕਰਾ ਹੈ। ਗੁਰਬਾਣੀ ਵਿਚ ਇਸ ਕਿਸਮ ਦੇ ਰੂਹਾਨੀ ਵਿਵੇਕ ਦੀਆਂ ਅਨੇਕਾਂ ਮਿਸਾਲਾਂ ਮਿਲ ਜਾਂਦੀਆਂ ਹਨ। ਇਸ ਸੰਦਰਭ ਵਿਚ ਉਦਾਹਰਣ ਵਜੋਂ ਕੁਝ ਪੰਗਤੀਆਂ ਪਸ਼ੇ ਹਨ :

---

[1] **ਆਦਿ ਗ੍ਰੰਥ**, ਪੰਨਾ - 15.

ਜਾਣਹੁ ਜੋਤਿ ਨ ਪੂਛਹੁ ਜਾਤੀ

ਆਗੈ ਜਾਤਿ ਨ ਹੇ ॥1॥ ਰਹਾਉ ॥ [2]

ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥

ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥1॥

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥

ਬਾਮਨ ਕਹਿ ਕਹਿ ਜਨਮੁ ਮਤ ਖੋਏ ॥1॥[3]

ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆ ਹਨ ਜਿਨ੍ਹਾਂ ਵਿਚ ਜਾਤੀ-ਪ੍ਰਥਾ ਦੇ ਮਸਨੂਈ ਪਰ ਦਮਨਕਾਰੀ ਤੰਤਰ ਨੂੰ ਵਿਸਥਾਪਿਤ ਕਰਨ ਦਾ ਜ਼ੋਰਦਾਰ ਉਪਰਾਲਾ ਕੀਤਾ ਗਿਆ ਹੈ। ਕਿਧਰੇ ਰੂਹਾਨੀ ਵਿਵੇਕ ਰਾਹੀਂ, ਕਿਧਰੇ ਵਿਅੰਗ ਰਾਹੀਂ ਅਤੇ ਕਿਧਰੇ ਕਟਾਖਸ਼ ਰਾਹੀਂ। ਵਾਸਤਵ ਵਿਚ ਭਗਤੀ ਲਹਿਰ ਨੇ ਮੱਧਕਾਲੀਨ ਭਾਰਤ ਵਿਚ ਜਿਸ ਸਭਿਆਚਾਰਕ ਨਵ-ਜਾਗ੍ਰਿਤੀ ਦੀ ਲਹਿਰ ਨੂੰ ਸੰਗਠਿਤ ਕਰਨ ਦਾ ਉਪਰਾਲਾ ਕੀਤਾ ਸੀ ਉਸਦੇ ਮੂਲ ਸਰੋਕਾਰਾ ਵਿਚ ਦਲਿਤ-ਚੇਤਨਾ ਅਤੇ ਮਾਨਵ-ਮੁਕਤੀ ਨੂੰ ਪ੍ਰਮੁੱਖਤਾ ਹਾਸਿਲ ਸੀ। ਸੰਤਾ, ਭਗਤਾਂ ਅਤੇ ਗੁਰੂ-ਵਿਅਕਤੀਆਂ ਦਾ ਪ੍ਰਵਚਨ ਇਸੇ ਲਈ ਸਾਮਾਜਿਕ ਓਤੇ ਸਭਿਆਚਾਰਕ ਧਰਾਤਲ ਉੱਤੇ ਕ੍ਰਾਂਤੀ ਦਾ ਸਰਚਸ਼ਮਾ ਬਣ ਕੇ ਉੱਭਰਦਾ ਹੈ। ਇਹ ਇਕ ਪਾਸੇ ਮੁਗ਼ਲ-ਸਾਮੰਤਵਾਦ ਦੀ ਕੱਟੜ ਮਜ਼ਬੀ ਨੀਤੀ ਅਤੇ ਹਕੂਮਤੀ ਤਸ਼ੱਦਦ ਦਾ ਮੁਕਾਬਲਾ ਕਰਨ ਲਈ ਨੈਤਿਕ ਮਨੋਬਲ ਪੈਦਾ ਕਰਦਾ ਹੈ ਤਾਂ ਦੂਸਰੇ ਪਾਸੇ ਇਹ ਬ੍ਰਾਮਣਵਾਦੀ ਕਰਮਕਾਂਡ ਅਤੇ ਜਾਤੀ-ਪ੍ਰਥਾ ਦੇ ਮਾਨਵ-ਦੋਖੀ ਕਿਰਦਾਰ ਨੂੰ ਵੀ ਉਘਾੜਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਜਿਸ ਕਿਸਮ ਦੇ ਆਦਰਸ਼ ਮਨੁੱਖ ਅਤੇ ਸਮਾਜ ਦੀ ਸਿਰਜਣਾ ਕਰਨ ਦਾ ਰੂਹਾਨੀ ਪ੍ਰਾਜੈਕਟ ਸਾਮ੍ਹਣੇ ਲਿਆਂਦਾ ਸੀ ਉਸ ਦੀ ਬੁਨਿਆਦ ਦਲਿਤ-ਚੇਤਨਾ ਉੱਪਰ ਹੀ ਰੱਖੀ ਗਈ ਪ੍ਰਤੀਤ ਹੁੰਦੀ ਹੈ।

ਇਸੇ ਤਰ੍ਹਾਂ ਗੁਰਮਤਿ ਕਾਵਿ ਵਿਚ ਅਨੇਕਾਂ ਥਾਈਂ ਹਾਕਮ-ਸ਼੍ਰੇਣੀ ਦੇ ਲੋਟੂ ਕਿਰਦਾਰ ਅਤੇ ਸ਼ੋਸ਼ਣ ਦੀ ਤਿੱਖੀ ਆਲੋਚਨਾ ਕੀਤੀ ਗਈ ਹੈ। ਵੇਲੇ ਦੀ ਰਾਜਨੀਤਕ ਵਿਵਸਥਾ ਬਾਰੇ ਗੁਰੂ ਨਾਨਕ ਬਾਣੀ ਦੀਆਂ ਇਹ ਪੰਗਤੀਆਂ ਇਸੇ ਹੀ ਤੱਥ ਨੂੰ ਮੂਰਤੀਮਾਨ ਕਰਦੀਆਂ ਹਨ :

ਰਾਜੇ ਸੀਹ ਮੁਕਦਮ ਕੁਤੇ ॥

ਜਾਇ ਜਗਾਇਨਿ੍ ਬੈਠੇ ਸੁਤੇ ॥

ਚਾਕਰ ਨਹਦਾ ਪਾਇਨਿ੍ ਘਾਉ ॥

ਰਤੁ ਪਿਤੁ ਕੁਤਿਹੋ ਚਟਿ ਜਾਹੁ ॥[4]

---

[2] **ਆਦਿ ਗ੍ਰੰਥ**, ਪੰਨਾ - 349

[3] **ਆਦਿ ਗ੍ਰੰਥ**, ਪੰਨਾ - 324 .

[4] ਆਦਿ ਗ੍ਰੰਥ, ਪੰਨਾ - 1288 .

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥
ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥1॥[5]

ਇਉਂ ਗੁਰਬਾਣੀ ਦਾ ਪ੍ਰਵਚਨ ਹਾਕਮ ਸ਼੍ਰੇਣੀ ਅਤੇ ਕੁਲੀਨ ਵਰਗਾਂ ਦਾ ਪੱਖ ਪੂਰਣ ਵਾਲੀ ਸ਼ੋਸ਼ਣਕਾਰੀ ਵਿਚਾਰਧਾਰਾ ਦਾ ਖੰਡਨ ਕਰਦਾ ਹੈ। ਇਹ ਮੁਗ਼ਲ ਸਾਮੰਤਵਾਦ ਅਤੇ ਜਾਗੀਰਦਾਰੀ ਅਰਥ-ਵਿਵਸਥਾ ਦੀ ਹਿੰਸਾ ਨੂੰ ਹੀ ਨੰਗਿਆਂ ਨਹੀਂ ਕਰਦਾ ਸਗੋਂ ਪੀੜਿਤ ਲੋਕਾਈ ਦੇ ਮਨ ਵਿਚ ਇਸ ਅਤਿਆਚਾਰੀ ਸ਼ਾਸ਼ਣ ਦੀ ਅਸਥਿਰਤਾ ਦਾ ਅਹਿਸਾਸ ਜਗਾ ਕੇ ਨੈਤਿਕ ਮਨੋਬਲ ਵੀ ਪੈਦਾ ਕਰਦਾ ਹੈ। ਇਹ ਦੁਨਿਆਵੀ ਬਾਦਸ਼ਾਹ ਦੀ ਥੋੜਚਿਰੀ ਹਕੂਮਤ ਦੇ ਮੁਕਾਬਲੇ ਉੱਤੇ ' ਸੱਚੇ ਪਾਤਸ਼ਾਹ ' ( ਬ੍ਰਹਮ ) ਦੀ ਸਦੀਵੀ ਸਲਤਨਤ ਦਾ ਮਿਥਿਕ ਬਿੰਬ ਉਸਾਰਦਾ ਹੈ :

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥
ਹਟ ਪਟਣ ਬਾਜਾਰ ਹੁਕਮੀ ਢਹਸੀਓ ॥
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ॥
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥
ਤਾਜੀ ਰਥ ਤੁਖਾਰ ਹਾਥੀ ਪਾਖਰੇ ॥
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ ॥
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥[6]

ਮੱਧਕਾਲੀਨ ਧਾਰਮਿਕ ਸਾਹਿਤ ਦੀ ਦੂਸਰੀ ਪ੍ਰਮੁੱਖ ਧਾਰਾ ਸੂਫ਼ੀ ਸ਼ਾਇਰੀ ਹੈ। ਇਸ ਕਾਵਿਧਾਰਾ ਦੇ ਪਿਛੋਕੜ ਵਿਚ ਜਿਹੜੀ ਵਿਚਾਰਧਾਰਾ ਕਾਰਜਸ਼ੀਲ ਹੈ ਉਸਦੀਆਂ ਜੜ੍ਹਾਂ ਤਸੱਵੁਫ਼ ਜਾਂ ਸੂਫ਼ੀਵਾਦ ਵਿਚ ਹਨ। ਇਹ ਇਸਲਾਮ ਦੇ ਅੰਤਰਗਤ ਉੱਭਰੀ ਇਕ ਅਜਿਹੀ ਲਹਿਰ ਸੀ ਜਿਸਨੇ ਸ਼ਰੱਈ ਕਟੜਤਾ ਦੀ ਥਾਵੇਂ ਉਦਾਰ ਮਾਨਵਵਾਦੀ ਭਾਵਨਾ ਉੱਤੇ ਜ਼ੋਰ ਦਿੱਤਾ। ਇਹੀ ਕਾਰਣ ਹੈ ਕਿ ਇਸਨੇ ਹਾਕਮ ਸ਼੍ਰੇਣੀ ਦਾ ਪੱਖ ਪੂਰਨ ਦੀ ਬਜਾਏ ਲੋਕਾਂ ਦੇ ਦੁੱਖ-ਸੁੱਖ ਨਾਲ

---

[5] ਓਹੀ, ਪੰਨਾ - 145 .

[6] ਆਦਿ ਗ੍ਰੰਥ, ਪੰਨਾ - 141 .

ਆਪਣਾ ਨਾਤਾ ਜੋੜਿਆ। ਸੂਫ਼ੀ ਸ਼ਾਇਰਾਂ ਨੇ ਜਿਨ੍ਹਾਂ ਵਿਚਾਰਾਂ ਅਤੇ ਭਾਵਾਂ ਦਾ ਪ੍ਰਗਟਾਵਾ ਆਪਣੇ ਸੂਫ਼ੀਆਨਾ ਕਲਾਮ ਰਾਹੀਂ ਕੀਤਾ ਉਸਦੀ ਬੁਨਿਆਦੀ ਸੁਰ ਲੋਕ-ਪੱਖੀ ਤੇ ਲੋਕ-ਹਿਤੈਸ਼ੀ ਹੈ। ਇਹ ਗੱਲ ਪੰਜਾਬੀ ਸੂਫ਼ੀ ਸ਼ਾਇਰਾਂ ਉੱਤੇ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ। ਮਜ਼੍ਹਬ ਦੇ ਹਵਾਲੇ ਨਾਲ ਭਾਵੇਂ ਇਨ੍ਹਾਂ ਸ਼ਾਇਰਾਂ ਦਾ ਸੰਬੰਧ ਹਾਕਮਸ਼੍ਰੇਣੀ ਨਾਲ ਸੀ ਪਰ ਇਨ੍ਹਾਂ ਨੇ ਵੇਲੇ ਦੇ ਹਾਕਮਾਂ ਦੀ ਕੱਟੜ ਮਜ਼੍ਹਬੀ ਨੀਤੀ ਦੀ ਹਿਮਾਇਤ ਨਹੀਂ ਕੀਤੀ ਸਗੋਂ ਸਾਂਝੀਵਾਲਤਾ ਅਤੇ ਉਦਾਰਤਾ ਦਾ ਸੰਦੇਸ਼ ਸੰਚਾਰਿਤ ਕੀਤਾ।

ਪੰਜਾਬੀ ਵਿਚ ਸੂਫ਼ੀ ਸ਼ਾਇਰੀ ਦੇ ਮੋਢੀ ਸ਼ੇਖ਼ ਫ਼ਰੀਦ ਦੀ ਰਚਨਾ ਨੂੰ ਹੀ ਲੈ ਲਵੋ। ਇਸ ਸ਼ਾਇਰ ਦਾ ਸੰਬੰਧ ਭਾਵੇਂ ਸਾਮੰਤ-ਸ਼੍ਰੇਣੀ ਨਾਲ ਸੀ ਪਰ ਇਨ੍ਹਾਂ ਦੀ ਰਚਨਾ ਵਿਚ ਪੇਸ਼ ਵਿਚਾਰਧਾਰਾ ਲੋਕ-ਹਿੱਤਾਂ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਮਿਸਾਲ ਵਜੋਂ ਕੁਝ ਪੰਗਤੀਆਂ ਪੇਸ਼ ਹਨ :

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥1॥ ਰਹਾਉ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥2॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥3॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥4॥"

ਇਨ੍ਹਾਂ ਪੰਗਤੀਆਂ ਵਿਚ ਪੇਸ਼ ਹੋਏ ਮੂਲ ਵਿਚਾਰ ਦੋ ਤਰ੍ਹਾਂ ਦੀ ਜੀਵਨ-ਵਿਧੀ ਵਲ ਸੰਕੇਤ ਕਰਦੇ ਹਨ। ਇਕ ਜੀਵਨ-ਵਿਧੀ ਹੈ 'ਵਿਸਰਿਆ ਜਿਨ੍ ਨਾਮੁ' ਵਾਲੇ ਉਸ ਵਰਗ ਦੀ ਜੋ ਧਨ-ਦੌਲਤ ਅਤੇ ਸੱਤਾ ਦੇ ਨਸ਼ੇ ਵਿਚ ਚੂਰ ਹੋਕੇ ਜੀਵਨ ਦੇ ਹਕੀਕੀ ਅਰਥਾਂ (ਨਾਮ) ਨੂੰ ਵਿਸਾਰ ਦਿੰਦਾ ਹੈ। ਅਜਿਹੀ ਬਿਰਤੀ ਵਾਲੇ ਮਨੁੱਖ ਧਰਤੀ ਉੱਤੇ ਭਾਰ ਹੁੰਦੇ ਹਨ। ਇਸ ਦੇ ਮੁਕਾਬਲੇ ਉੱਤੇ ਦੂਸਰੀ ਤਰ੍ਹਾਂ ਦੀ ਜੀਵਨ-ਵਿਧੀ ਉਨ੍ਹਾਂ ਦਰਵੇਸ਼ ਲੋਕਾਂ ਦੀ ਹੈ ਜਿਨ੍ਹਾਂ ਵਲ 'ਰਤੇ ਇਸਕ ਖੁਦਾਇ' ਅਤੇ 'ਜਿਨਾ ਪਛਾਤਾ ਸਚੁ' ਰਾਹੀਂ ਸੰਕੇਤ ਕੀਤਾ ਗਿਆ ਹੈ। ਇਨ੍ਹਾਂ ਪੰਗਤੀਆਂ ਵਿਚ ਗੱਲ ਤਾਂ ਭਾਵੇਂ ਧਾਰਮਿਕ ਮੁਹਾਵਰੇ ਵਿਚ ਕੀਤੀ ਗਈ ਹੈ ਪਰ ਇਨ੍ਹਾਂ ਦਾ ਵਿਚਾਰਧਾਰਾਈ ਪਰਿਪੇਖ ਬਿਲਕੁਲ ਸਪਸ਼ਟ ਹੈ। ਇਥੇ ਜਿਸ ਜੀਵਨ-ਵਿਧੀ ਨੂੰ ਵਡਿਆਇਆ ਗਿਆ ਹੈ ਉਹ ਸੱਤਾ-ਵਿਹੂਣੇ ਸਾਧਾਰਣ ਲੋਕਾਂ ਦੀ ਜੀਵਨ-ਵਿਧੀ ਹੈ। ਬਾਬਾ ਫ਼ਰੀਦ ਨੇ ਇਸ ਵਰਗ ਦੇ ਲੋਕਾਂ ਨੂੰ ਆਦਰਯੋਗ ਆਖਿਆ ਹੈ ਜਿਹੜੇ ਆਪਣੇ ਸੱਚ, ਸਿਦਕ ਅਤੇ ਦਰਵੇਸ਼ੀ ਰਾਹੀਂ ਰੱਬ ਦੇ ਦਰ ਤੇ ਪ੍ਰਵਾਨ ਹੁੰਦੇ ਹਨ।

ਇਸੇ ਤਰ੍ਹਾਂ ਜਦੋਂ ਬਾਬਾ ਫ਼ਰੀਦ ਦੁੱਖ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਦੀ ਨਜ਼ਰ ਵਿਚ ਆਮ ਲੋਕਾਂ ਦੀ ਆਰਥਿਕ ਤੰਗੀਆਂ ਵਿਚ ਘਿਰੀ ਹੋਈ ਦੁੱਖ ਭਰੀ ਜ਼ਿੰਦਗੀ ਦਾ ਦ੍ਰਿਸ਼ ਸਮਾਇਆ ਹੋਇਆ ਹੈ ਜੋ ਸਾਮੰਤਵਾਦ ਦੇ ਦਮਨ ਅਤੇ ਸ਼ੋਸ਼ਣ ਦੀ ਸ਼ਿਕਾਰ ਲੋਕਾਈ ਹੀ ਹੈ। ਇਸ ਸੰਦਰਭ ਵਿਚ ਨਿਮਨ-ਅੰਕਿਤ ਪੰਗਤਿਆਂ ਪੇਸ਼ ਹਨ :

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ
ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ
ਤਾਂ ਘਰਿ ਘਰਿ ਏਹਾ ਅਗਿ ॥
ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥28॥
ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥

ਬਾਬਾ ਫ਼ਰੀਦ ਦੀ ਇਸੇ ਲੋਕ-ਪੱਖੀ ਪਰੰਪਰਾ ਨੂੰ ਨਿਭਾਉਂਦਿਆਂ ਉਨ੍ਹਾਂ ਦੇ ਪਰਵਰਤੀ ਸ਼ਾਇਰਾਂ - ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁਲ੍ਹੇ ਸ਼ਾਹ ਆਦਿ - ਨੇ ਵੀ ਇਸੇ ਵਿਚਾਰਧਾਰਾ ਨਾਲ ਆਪਣੀ ਪ੍ਰਤਿਬੱਧਤਾ ਦਾ ਪ੍ਰਗਟਾਵਾ ਕੀਤਾ ਹੈ। ਇਨ੍ਹਾਂ ਸ਼ਾਇਰਾਂ ਦੇ ਕਲਾਮ ਵਿਚ ਹਾਕਮ ਸ਼੍ਰੇਣੀ ਦਾ ਪੱਖ ਪੂਰਣ ਵਾਲੀਆਂ ਸ਼ਰੱਈ ਕੱਟੜਤਾ ਅਤੇ ਦਿਖਾਵੇ ਦੀਆਂ ਰੀਤਾਂ ਨਾਲ ਸੰਬੰਧਿਤ ਕਦਰਾਂ-ਕੀਮਤਾਂ ਦਾ ਖੰਡਨ ਕੀਤਾ ਗਿਆ ਹੈ ਅਤੇ ਉਦਾਰ ਮਾਨਵਵਾਦੀ ਜੀਵਨ-ਮੁੱਲਾਂ ਦਾ ਸੰਦੇਸ਼ ਸੰਚਾਰਿਤ ਕੀਤਾ ਗਿਆ ਹੈ ਜੋ ਅੰਤਿਮ ਅਰਥਾਂ ਵਿਚ ਲੋਕ-ਪੱਖੀ ਵਿਚਾਰਧਾਰਾ ਨਾਲ ਸੰਬੰਧਿਤ ਹੈ। ਉਦਾਹਰਣ ਵਜੋਂ ਇਨ੍ਹਾਂ ਸ਼ਾਇਰਾਂ ਦੀ ਰਚਨਾ ਵਿਚੋਂ ਕੁਝ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਮੈਂ ਕਸੁੰਭੜਾ ਚੁਣ ਚੁਣ ਹਾਰੀ
ਏਸ ਕਸੁੰਭੇ ਦੇ ਕੰਡੇ ਭਲੇਰੇ ਅੜ ਅੜ ਚੁਨੜੀ ਪਾੜੀ।
ਏਸ ਕਸੁੰਭੇ ਦਾ ਹਾਕਮ ਕਰੜਾ ਜ਼ਾਲਮ ਹੈ ਪਟਵਾਰੀ। . . .
ਏਸ ਕਸੁੰਭੇ ਦੇ ਚਾਰ ਮੁਕੱਦਮ ਮਾਮਲਾ ਮੰਗਦੇ ਭਾਰੀ।
ਹੋਰਨਾਂ ਚੁਗਿਆ ਫੋਹਿਆ ਫੋਹਿਆ ਮੈਂ ਭਰ ਲਈ ਪਟਾਰੀ। . . .
ਚੁਣ ਚੁਣ ਕੇ ਮੈਂ ਢੇਰੀ ਕੀਤਾ ਲੱਥੇ ਆਣ ਵਪਾਰੀ।
ਔਖੀ ਘਾਟੀ ਮੁਸ਼ਕਲ ਪੈਂਡਾ ਸਿਰ ਤੇ ਗਠੜੀ ਭਾਰੀ।
ਮੈਂ ਕਸੁੰਭੜਾ ਚੁਣ ਚੁਣ ਹਾਰੀ।" (ਸ਼ਾਹ ਹੁਸੈਨ)

ਇਥੇ ਕਵੀ ਨੇ ਆਪਣੇ ਵੇਲੇ ਦੀ ਸਾਮਾਜਿਕ ਆਰਥਿਕ ਬਣਤਰ ਦੀ ਯਥਾਰਥਕ ਤਸਵੀਰ ਪੇਸ਼ ਕੀਤੀ ਹੈ ਅਤੇ ਮਿਹਨਤਕਸ਼ ਲੋਕਾਂ ਦੀ ਮੁਸ਼ਕਲਾਂ ਭਰੀ ਜ਼ਿੰਦਗੀ ਨੂੰ ਹਮਦਰਦੀ ਨਾਲ ਚਿੱਤਰਿਆ ਹੈ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਇਨ੍ਹਾਂ ਕਵੀਆਂ ਨੇ ਦਮਨਕਾਰੀ ਹਾਕਮ ਸ਼੍ਰੇਣੀ ਦੇ ਹਿੱਤਾਂ ਦੀ ਪੂਰਤੀ ਦੀ ਥਾਵੇਂ ਆਮ ਲੋਕਾਈ ਦੇ ਪੱਖ ਦੀ ਗੱਲ ਕੀਤੀ ਹੈ। ਇਸੇ ਲਈ ਪੰਜਾਬੀ ਸੂਫ਼ੀ ਕਵਿਤਾ ਦਾ ਵਿਚਾਰਧਾਰਾਈ ਆਧਾਰ ਲੋਕ ਪੱਖੀ ਹੋ ਨਿਬੜਦਾ ਹੈ।

ਅੰਤ ਵਿਚ ਅਸੀਂ ਮੱਧਕਾਲੀਨ ਪੰਜਾਬੀ ਸਾਹਿਤ ਦੀ ਲੌਕਿਕ ਪ੍ਰਵਿਰਤੀ ਅਤੇ ਇਸ ਨਾਲ ਸੰਬੰਧਿਤ ਲੇਖਕਾਂ ਦੀ ਸਾਮਾਜਿਕ ਅਤੇ ਸਭਿਆਚਾਰਕ ਭੂਮਿਕਾ ਬਾਰੇ ਚਰਚਾ ਕਰ ਸਕਦੇ ਹਾਂ। ਇਸ ਪ੍ਰਵਿਰਤੀ ਦੇ ਅੰਤਰਗਤ ਮੁੱਖ

ਤੌਰ ਤੇ ਕਿੱਸਾ-ਸਾਹਿਤ ਅਤੇ ਵਾਰ-ਸਾਹਿਤ ਦੀਆਂ ਸਿਰਜਣਧਾਰਾਵਾਂ ਆ ਜਾਂਦੇ ਹਨ। ਇਨ੍ਹਾਂ ਦੋਹਾਂ ਧਾਰਾਵਾਂ ਨੇ ਇਤਿਹਾਸਕ, ਪੌਰਾਣਿਕ ਅਤੇ ਲੋਕਧਾਰਈ ਵਿਰਸੇ ਦੀ ਕਥਾ-ਸਮੱਗਰੀ ਨੂੰ ਲੈ ਕੇ ਮਹੱਤਵਪੂਰਣ ਕਾਵਿਕ ਬਿਰਤਾਂਤਾਂ ਦੀ ਸਿਰਜਣਾ ਕੀਤੀ ਹੈ ਜੋ ਉਨ੍ਹਾਂ ਦੀ ਸਾਮਾਜਿਕ ਅਤੇ ਸਭਿਆਚਾਰਕ ਚੇਤਨਾ ਦਾ ਪ੍ਰਮਾਣ ਪੇਸ਼ ਕਰਦੀ ਹੈ। ਕਿੱਸਾ ਕਾਵਿ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਮੱਧਕਾਲ ਦੀਆਂ ਹੋਰਨਾਂ ਕਾਵਿ-ਧਾਰਾਵਾਂ ਅਤੇ ਪ੍ਰਵਿਰਤੀਆਂ ਨਾਲੋਂ ਵੱਖਰਾ ਹੈ। ਇਸ ਵਿਚ ਧਾਰਮਿਕ ਕਾਵਿ ਵਾਂਗ ਪਰਮਾਰਥ ਦੀ ਗੱਲ ਨਹੀਂ ਕੀਤੀ ਗਈ ਸਗੋਂ ਜੀਵਨ ਦੇ ਯਥਾਰਥ ਦੀ ਗੱਲ ਕੀਤੀ ਗਈ ਹੈ। ਇਸਦਾ ਚਰਿਤਰ ਲੌਕਿਕ ਕਾਵਿ ਵਾਲਾ ਹੈ।

'ਕਿੱਸਾ' ਸ਼ਬਦ ਅਰਬੀ ਭਾਸ਼ਾ ਦਾ ਹੈ ਜਿਸਦਾ ਅਰਥ ਕਹਾਣੀ ਹੈ। ਪਰ ਸਾਹਿੱਤਕ ਦ੍ਰਿਸ਼ਟੀ ਤੋਂ ਇਹ ਕਵਿਤਾ ਵਿਚ ਰਚੀ ਗਈ ਲੰਮੀ ਬਿਰਤਾਂਤਕ ਰਚਨਾ ਹੈ। ਇਸ ਕਾਵਿ ਰੂਪ ਜਾਂ ਵਿਧਾ ਦੇ ਪ੍ਰੇਰਣਾ-ਸਰੋਤ ਪ੍ਰਾਚੀਨ ਭਾਰਤੀ ਸਾਹਿੱਤ ਦੀ ਆਖਿਆਨ ਪਰੰਪਰਾ ਵਿਚ ਅਤੇ ਫ਼ਾਰਸੀ ਸਾਹਿੱਤ ਦੀ ਮਸਨਵੀ ਪਰੰਪਰਾ ਵਿਚ ਲੱਭੇ ਜਾ ਸਕਦੇ ਹਨ। ਪੰਜਾਬੀ ਕਿੱਸਿਆਂ ਦੇ ਨਾਇਕ ਆਮ ਤੌਰ ਤੇ ਆਸ਼ਕ, ਯੋਧੇ ਜਾਂ ਫ਼ਕੀਰ ਹੁੰਦੇ ਹਨ ਜੋ ਸਥਾਪਿਤ ਕਦਰਾਂ-ਕੀਮਤਾਂ ਤੋਂ ਵਿਦਰੋਹ ਕਰਦੇ ਹੋਏ ਨੈਤਿਕਤਾ ਦੇ ਨਵੇਂ ਆਦਰਸ਼ ਸਥਾਪਿਤ ਕਰਦੇ ਹਨ। ਮਿਸਾਲ ਵਜੋਂ ਜੇ ਹੀਰ ਦੇ ਕਿੱਸੇ ਵਿਚ ਪ੍ਰਚੱਲਤ ਵਿਆਹ ਪ੍ਰਥਾ ਦੀਆਂ ਸਮੂਹ-ਭਾਵੀ ਕਦਰਾਂ-ਕੀਮਤਾਂ ਨੂੰ ਨਕਾਰਿਆ ਗਿਆ ਹੈ ਤਾਂ ਇਸ ਵਿਚ ਮਨੁੱਖੀ ਰਿਸ਼ਤਿਆ ਨੂੰ ਜੋੜਨ ਵਿਚ ਵਿਅਕੀਗਤ ਸੁਤੰਤਰਤਾ ਦੇ ਮਹੱਤਵ ਨੂੰ ਵੀ ਪਛਾਣਿਆਂ ਗਿਆ ਹੈ।

ਪੰਜਾਬੀ ਦੀਆਂ ਪ੍ਰਸਿੱਧ ਪ੍ਰੀਤ ਕਹਾਣੀਆਂ ਪਹਿਲੋਂ ਦੰਤ-ਕਥਾਵਾਂ ਦੇ ਰੂਪ ਵਿਚ ਪ੍ਰਚੱਲਤ ਹੋਈਆਂ ਬਾਦ ਵਿਚ ਇਨ੍ਹਾਂ ਨੂੰ ਕਿੱਸਾਕਾਰਾਂ ਨੇ ਆਪਣੀ ਸਿਰਜਣਾਤਮਕ ਕਲਪਨਾ ਰਾਹੀਂ ਨਵਾਂ ਰੂਪ ਪ੍ਰਦਾਨ ਕਰ ਕੇ ਕਿੱਸਿਆਂ ਵਿਚ ਢਾਲ ਦਿੱਤਾ। ਕਿੱਸਾਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਬਿਰਤਾਂਤ ਦੀ ਉਸਾਰੀ ਕਰਦਿਆਂ ਤਤਕਾਲੀ ਸਮਾਜ ਸੱਭਿਆਚਾਰ ਦਾ ਜੀਵੰਤ ਬਿੰਬ ਪੇਸ਼ ਕਰਨ ਦੀ ਚੇਸ਼ਟਾ ਵੀ ਕੀਤੀ ਹੈ। ਇਹੀ ਕਾਰਣ ਹੈ ਕਿ ਇਹ ਕਿੱਸੇ ਪੰਜਾਬੀਆਂ ਦੀ ਜੀਵਨ ਵਿਧੀ, ਉਨ੍ਹਾਂ ਦੇ ਸੁਭਾ ਅਤੇ ਚਰਿਤਰ ਨੂੰ ਵੀ ਭਲੀ ਭਾਂਤ ਮੂਰਤੀਮਾਨ ਕਰਦੇ ਹਨ। ਮਿਸਾਲ ਵਜੋਂ ਜਦੋਂ ਅਸੀਂ ਕਿੱਸਾ ਹੀਰ-ਵਾਰਿਸ ਪੜ੍ਹਦੇ ਹਾਂ ਤਾਂ ਉਸ ਵੇਲੇ ਦਾ ਪੰਜਾਬੀ ਸਮਾਜ ਆਪਣੀਆਂ ਰੀਤਾਂ ਅਤੇ ਰਵਾਇਤਾਂ ਸਮੇਤ ਸਾਕਾਰ ਹੋ ਉਠਦਾ ਹੈ।

ਪੰਜਾਬੀ ਦੇ ਪ੍ਰਮੁੱਖ ਕਿੱਸਾਕਾਰਾਂ ਵਿਚ ਅਸੀਂ ਦਮੋਦਰ, ਮੁਕਬਲ, ਹਾਫ਼ਿਜ਼ ਬਰਖ਼ੁਰਦਾਰ, ਪੀਲੂ, ਵਾਰਿਸ, ਕਾਦਰਯਾਰ ਆਦਿ ਦਾ ਨਾਮ ਲੈ ਸਕਦੇ ਹਾਂ। ਇਨ੍ਹਾਂ ਸ਼ਾਇਰਾਂ ਨੇ ਪੰਜਾਬੀ ਕਿੱਸਾ ਕਾਵਿ ਦੀ ਪਰੰਪਰਾ ਨੂੰ ਅਮੀਰ ਤੇ ਭਰਪੂਰ ਬਣਾਇਆ ਹੈ। ਪੰਜਾਬੀ ਦੇ ਵਧੇਰੇ ਕਿੱਸੇ ਪਿਆਰ ਜਾਂ ਇਸ਼ਕ ਦੇ ਦੁੱਖਾਂਤ ਨੂੰ ਪੇਸ਼ ਕਰਦੇ ਹਨ। ਇਹ ਗੱਲ ਵੇਲੇ ਦੀ ਸਾਮਾਜਿਕ ਆਰਥਿਕ ਵਿਵਸਥਾ ਦੇ ਅਨੁਕੂਲ ਵੀ ਹੈ। ਕਾਰਣ ਇਹ ਹੈ ਕਿ ਜਾਗੀਰਦਾਰੀ ਸਮਾਜ ਦੀਆਂ ਸੰਸਥਾਵਾਂ ਸਮੂਹਭਾਵੀ ਹੁੰਦੀਆਂ ਹਨ ਜਿਨ੍ਹਾਂ ਵਿਚ ਵਿਅਕਤੀ ਨੂੰ ਸੁਤੰਤਰ ਨਿਰਣੇ ਕਰਨ ਦੀ ਖੁਲ੍ਹ ਨਹੀਂ ਹੁੰਦੀ। ਹੀਰ ਦਾ ਰਾਂਝੇ ਨਾਲ ਇਸ਼ਕ ਸਮਾਜ ਦੀਆਂ ਪ੍ਰਚੱਲਤ ਕਦਰਾਂ-ਕੀਮਤਾਂ ਦੇ ਅਨੁਕੂਲ ਨਹੀਂ। ਇਸਨੂੰ ਸ਼ਰਾੱ ਦੀ ਪ੍ਰਵਾਨਗੀ ਵੀ ਹਾਸਿਲ ਨਹੀਂ ਇਸੇ ਲਈ ਅੰਤ ਵਿਚ ਨਾਇਕ ਤੇ ਨਾਇਕਾ ਦੋਹਾਂ ਦੀ ਮੌਤ ਹੁੰਦੀ ਹੈ।

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਪੰਜਾਬੀ ਕਿੱਸਾ ਕਾਵਿ ਮੱਧਕਾਲੀ ਪੰਜਾਬੀ ਸਾਹਿੱਤ ਦੀ ਅਮੀਰ ਪਰੰਪਰਾ ਦਾ ਅੰਗ ਹੈ ਅਤੇ ਇਸ ਨੇ ਇਸ ਦੀਆਂ ਸਾਹਿੱਤਕ ਰਵਾਇਤਾਂ ਨੂੰ ਗੌਰਵ ਪ੍ਰਦਾਨ ਕੀਤਾ ਹੈ। ਇਹ ਆਪਣੇ ਵੇਲੇ ਦੇ ਯਥਾਰਥ ਦਾ ਭਰਪੂਰ ਬਿੰਬ ਉਸਾਰਨ ਲਈ ਦੰਤ-ਕਥਾ, ਮਿਥ ਅਤੇ ਰੋਮਾਂਸ ਦੀਆਂ ਕਥਾਨਕ ਰੂੜ੍ਹੀਆਂ ਦੀ ਸਫਲ ਵਰਤੋਂ ਕਰਦਾ ਹੈ। ਇਹ ਆਦਰਸ਼ ਨਾਇਕਾਂ ਨੂੰ ਜਾਗੀਰਦਾਰੀ ਵਿਵਸਥਾ ਵਿਚ ਪ੍ਰਚੱਲਤ ਕਦਰਾਂ-ਕੀਮਤਾਂ ਦੇ ਅਮਾਨਵੀ ਪ੍ਰਬੰਧ ਨਾਲ ਟਕਰਾਉਂਦਿਆਂ ਦਰਸਾਉਂਦਾ ਹੈ। ਭਾਵੇਂ ਕਿੱਸਿਆਂ ਦੇ ਗਲਪ ਜਗਤ ਵਿਚ ਆਮ ਤੌਰ ਤੇ ਨਾਇਕ ਦੀ ਹਾਰ ਜਾਂ ਮੌਤ ਹੁੰਦੀ ਹੈ ਪਰ ਇਹ ਹਾਰ ਜਾਂ ਮੌਤ ਹੀ ਉਸਦੀ ਮਹਾਨਤਾ ਦੀ ਗਵਾਹੀ ਵੀ ਹੁੰਦੀ ਹੈ।

ਕਿੱਸਾ ਕਾਵਿ ਵਾਂਗ ਵਾਰ ਕਾਵਿ ਵੀ ਇਸ ਦੌਰ ਦੀ ਇਕ ਹੋਰ ਲੌਕਿਕ ਕਾਵਿਧਾਰਾ ਹੈ। ਪੰਜਾਬੀ ਵਿਚ ਵਾਰ ਇਕ ਅਜਿਹੇ ਕਾਵਿ ਰੂਪ ਦੇ ਤੌਰ ਤੇ ਵਿਕਸਿਤ ਹੋਇਆ ਹੈ ਜਿਸਦੇ ਅੰਤਰਗਤ ਵੀਰ ਰਸ ਦਾ ਵਿਧਾਨ ਸਿਰਜਿਆ ਜਾਂਦਾ ਹੈ। 'ਵਾਰ' ਸ਼ਬਦ ਦੇ ਕਈ ਅਰਥ ਕੀਤੇ ਜਾਂਦੇ ਹਨ – ਵਾਰ ਕਰਨਾ, ਵਾਰਨਾ, ਵਾਰਤਾ ਆਦਿ। ਸੰਸਕ੍ਰਿਤ ਦੇ ਵਾਰਣ ਸ਼ਬਦ ਵਿਚ ਵੀ ਇਸਦੀ ਵਿਉਤਪੱਤੀ ਤਲਾਸ਼ ਕੀਤੀ ਜਾਂਦੀ ਹੈ ਜਿਸਦਾ ਅਰਥ ਹੈ – ਵਿਸ਼ੈ ਦਾ ਉਚਿਤ ਪ੍ਰਭਾਵ ਸਿਰਜਣ ਲਈ ਘਟਨਾਵਾਂ ਦਾ ਉਲੇਖ ਕਰਨਾ। ਇਹ ਗੱਲ ਇਸ ਕਾਵਿ ਰੂਪ ਦੇ ਬਿਰਤਾਂਤਕ ਗੁਣ ਵਲ ਸੰਕੇਤ ਕਰਦੀ ਹੈ। ਇਸ ਤੋਂ ਇਲਾਵਾ ਕਿਸੇ ਨਾਇਕ ਦੀ ਵੀਰਤਾ ਦਾ ਵਖਾਣ ਕਰਨ ਨੂੰ ਵੀ ਵਾਰ ਆਖਿਆ ਜਾਂਦਾ ਸੀ। ਵਾਰ ਦੇ ਰੂਪਾਕਾਰ ਦੀ ਮੁੱਖ ਵਿਸ਼ੇਸ਼ਤਾ ਸੰਘਰਸ਼ ਜਾਂ ਟਕਰਾਉ ਹੈ। ਇਸ ਟਕਰਾਉ ਦੇ ਅਨੇਕਾਂ ਰੂਪ ਹੋ ਸਕਦੇ ਹਨ। ਇਹ ਦੋ ਯੋਧਿਆਂ ਵਿਚਕਾਰ ਹੋ ਸਕਦਾ ਹੈ, ਨੇਕੀ ਅਤੇ ਬਦੀ ਵਿਚਕਾਰ ਹੋ ਸਕਦਾ ਹੈ ਅਤੇ ਦੋ ਵਿਚਾਰਾਂ ਜਾਂ ਵਿਚਾਰਧਾਰਾਵਾਂ ਵਿਚਕਾਰ ਵੀ ਹੋ ਸਕਦਾ ਹੈ।

ਪੰਜਾਬੀ ਸਾਹਿੱਤ ਵਿਚ ਦੋ ਤਰ੍ਹਾਂ ਦੀਆਂ ਵਾਰਾਂ ਦੀ ਰਚਨਾ ਹੋਈ ਹੈ – ਵੀਰ ਰਸੀ ਵਾਰਾਂ ਤੇ ਅਧਿਆਤਮਕ ਵਾਰਾਂ। ਵੀਰ ਰਸੀ ਵਾਰਾਂ ਵਿਚ ਆਮ ਤੌਰ ਤੇ ਯੁੱਧ ਦਾ ਵੀਰ ਰਸ ਭਰਪੂਰ ਬਿਰਤਾਂਤ ਸਿਰਜਿਆ ਜਾਂਦਾ ਹੈ ਜਦੋਂ ਕਿ ਅਧਿਆਤਮਕ ਵਾਰਾਂ ਵਿਚ ਸ਼ਾਂਤ ਰਸ ਦੀ ਸਿਰਜਣਾ ਕੀਤੀ ਜਾਂਦੀ ਹੈ। ਇਨ੍ਹਾਂ ਵਿਚ ਮੁੱਖ ਤੌਰ ਤੇ ਨੈਤਿਕ ਅਤੇ ਅਧਿਆਤਮਕ ਵਿਸ਼ਿਆਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਭਾਵੇਂ ਇਨ੍ਹਾਂ ਦੋਹਾਂ ਵਿਚ ਛੰਦ-ਪ੍ਰਬੰਧ ਅਤੇ ਧੁਨੀ ਦੀ ਸਾਂਝ ਹੈ ਪਰ ਤਾਂ ਵੀ ਦੋਹਾਂ ਦਾ ਸੰਗਠਨ ਇਕ ਦੂਸਰੇ ਨਾਲੋਂ ਭਿੰਨ ਤੇ ਵਿਲੱਖਣ ਹੈ। ਕਾਰਣ ਇਹ ਹੈ ਕਿ ਲੋਕ ਵਾਰ ਵਿਚ ਸਮੂਰਤ ਨਾਇਕਾਂ / ਖਲਨਾਇਕਾਂ ਦੀ ਪੇਸ਼ਕਾਰੀ ਹੁੰਦੀ ਹੈ ਜਦੋਂ ਕਿ ਅਧਿਆਤਮਕ ਵਾਰ ਵਿਚ ਲੌਕਿਕ ਪਾਤਰਾਂ ਅਤੇ ਸਥਿਤੀਆਂ ਨੂੰ ਪੇਸ਼ ਨਹੀਂ ਕੀਤਾ ਜਾਂਦਾ ਸਗੋਂ ਅਮੂਰਤ ਵਿਚਾਰਾਂ ਨੂੰ ਹੀ ਲੈਅ-ਬੱਧ ਢੰਗ ਨਾਲ ਪ੍ਰਸਤੁੱਤ ਕੀਤਾ ਜਾਂਦਾ ਹੈ।

ਸੱਭ ਤੋਂ ਪਹਿਲਾਂ ਵੀਰ ਰਸੀ ਵਾਰਾਂ ਬਾਰੇ ਚਰਚਾ ਕੀਤੀ ਜਾ ਸਕਦੀ ਹੈ। ਇਨ੍ਹਾਂ ਵਾਰਾਂ ਵਿਚ ਸੱਭ ਤੋਂ ਪਹਿਲਾਂ ਉਨ੍ਹਾਂ 9 ਲੋਕ ਵਾਰਾਂ ਦੀ ਗੱਲ ਕੀਤੀ ਜਾ ਸਕਦੀ ਹੈ ਜਿਨ੍ਹਾਂ ਦੇ ਹਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਲਦੇ ਹਨ। ਇਨ੍ਹਾਂ ਵਿਚੋਂ ਕੁਝ ਵਾਰਾਂ ਹਨ – ਰਾਇ ਕਮਾਲ ਮਉਜ ਦੀ ਵਾਰ, ਟੁੰਡੇ ਅਸਰਾਜੇ ਦੀ ਵਾਰ, ਸਿਕੰਦਰ ਇਬਰਾਹੀਮ ਦੀ ਵਾਰ, ਲੱਲੇ ਬਹਿਲੀਮੇ ਦੀ ਵਾਰ, ਹਸਨੇ ਮਹਿਮੇ ਦੀ ਵਾਰ, ਮੂਸੇ ਦੀ ਵਾਰ ਆਦਿ। ਇਨ੍ਹਾਂ ਲੋਕ ਵਾਰਾਂ ਵਿਚ ਭਿੰਨ ਭਿੰਨ ਰਾਜਿਆਂ ਰਜਵਾੜਿਆਂ ਵਿਚਕਾਰ ਯੁੱਧ ਅਤੇ ਸੰਘਰਸ਼ ਦਾ ਵੀਰ ਰਸ ਭਰਪੂਰ ਬਿਰਤਾਂਤ ਪੇਸ਼ ਕੀਤਾ ਗਿਆ ਹੈ।

ਪਰ ਇਨ੍ਹਾਂ ਵਾਰਾਂ ਦੇ ਸਿਰਫ਼ ਅੱਧੇ ਅਧੂਰੇ ਪਾਠ ਹੀ ਪ੍ਰਾਪਤ ਹਨ ਜਿਸ ਲਈ ਇਨ੍ਹਾਂ ਬਾਰੇ ਵਿਸਤਰ ਨਾਲ ਚਰਚਾ ਨਹੀਂ ਕੀਤੀ ਜਾ ਸਕਦੀ।

ਵੀਰ ਰਸੀ ਵਾਰ ਦੀ ਪਰੰਪਰਾ ਵਿਚ ਗੁਰੂ ਗੋਬਿੰਦ ਸਿੰਘ ਦੀ ਚੰਡੀ ਦੀ ਵਾਰ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਵਾਰ ਵਿਚ ਗੁਰੂ ਕਵੀ ਨੇ ਮਾਰਕੰਡੇ ਪੁਰਾਣ ਦੀ ਮਿਥਿਹਾਸਕ ਕਥਾ ਨੂੰ ਲੈ ਕੇ ਦੇਵਤਿਆਂ ਅਤੇ ਰਾਖਸ਼ਾਂ ਦੇ ਯੁੱਧ ਦਾ ਵੀਰਤਾ ਪੂਰਣ ਬਿਰਤਾਂਤ ਪੇਸ਼ ਕੀਤਾ ਹੈ। ਇਹ ਵਾਰ ਪ੍ਰਤੀਕਾਤਮਕ ਤੌਰ ਤੇ ਨੇਕੀ ਅਤੇ ਬਦੀ ਵਿਚਕਾਰ ਸੰਘਰਸ਼ ਨੂੰ ਮੂਰਤੀਮਾਨ ਕਰਦੀ ਹੈ। ਗੁਰੂ ਗੋਬਿੰਦ ਸਿੰਘ ਨੇ ਅਤਿਆਚਾਰੀ ਮੁਗ਼ਲ ਸਾਮੰਤਵਾਦ ਦਾ ਟਾਕਰਾ ਕਰਨ ਲਈ ਨੀਵਿਆਂ ਨਿਤਾਣਿਆਂ ਨੂੰ ਯੁੱਧ ਲਈ ਤਿਆਰ ਕੀਤਾ ਸੀ। ਇਸੇ ਮੰਤਵ ਲਈ ਹੀ ਉਨ੍ਹਾਂ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਇਹ ਵਾਰ ਇਸੇ ਕਿਸਮ ਦੀ ਵੀਰ ਭਾਵਨਾ ਦਾ ਸੰਚਾਰ ਕਰਦੀ ਹੈ। ਇਸ ਤੋਂ ਬਾਦ ਪੰਜਾਬੀ ਵਿਚ ਅਨੇਕਾਂ ਵੀਰ ਰਸੀ ਵਾਰਾਂ ਦੀ ਸਿਰਜਣਾ ਹੋਈ। ਜਿਨ੍ਹਾਂ ਵਿਚ ਮੁੱਖ ਤੌਰ ਤੇ ਨਜਾਬਤ ਦੀ ਨਾਦਰਸ਼ਾਹ ਦੀ ਵਾਰ, ਭਾਈ ਗੁਰਦਾਸ ਦੂਜੇ ਦੀ ਗੁਰੂ ਖ਼ਾਲਸੇ ਦੀ ਵਾਰ, ਪੀਰ ਮੁਹੰਮਦ ਦੀ ਚੱਠਿਆਂ ਦੀ ਵਾਰ ਅਤੇ ਰਣਜੀਤ ਸਿੰਘ ਕਾਲ ਦੀਆਂ ਵਾਰਾਂ - ਸਿੰਘਾਂ ਦੀ ਵਾਰ, ਮਹਾਂ ਸਿੰਘ ਦੀ ਵਾਰ, ਹਰੀ ਸਿੰਘ ਨਲਵੇ ਦੀ ਵਾਰ ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਇਨ੍ਹਾਂ ਵਾਰਾਂ ਦੇ ਮਾਧਿਅਮ ਰਾਹੀਂ ਮੱਧਕਾਲੀ ਲੇਖਕ ਨੇ ਆਪਣੇ ਵੇਲੇ ਦੀਆਂ ਇਤਿਹਾਸਕ ਵੰਗਾਰਾਂ ਦਾ ਵੀਰਤਾ ਭਰਪੂਰ ਪ੍ਰਤਿ-ਉੱਤਰ ਪੇਸ਼ ਕੀਤਾ ਹੈ।

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਮੱਧਕਾਲ ਦੇ ਪੰਜਾਬੀ ਲੇਖਕ ਨੇ ਆਪਣੇ ਵਿਰਸੇ ਅਤੇ ਵਰਤਮਾਨ ਨਾਲ ਸੰਵਾਦ ਰਚਾਉਂਦਿਆਂ ਮੁੱਲਵਾਨ ਸਾਹਿਤ-ਸਿਰਜਣਾ ਕੀਤੀ ਹੈ। ਉਸਨੇ ਆਪਣੇ ਵੇਲੇ ਦੀ ਹਕੀਕਤ ਦੇ ਰੂਬਰੂ ਹੋਕੇ ਆਪਣਾ ਸਿਰਜਣਤਮਕ ਪ੍ਰਤਿ-ਉੱਤਰ ਪੇਸ਼ ਕੀਤਾ ਹੈ - ਕਦੇ ਰੂਹਾਨੀ ਆਦਰਸ਼ ਦੇ ਰੂਪ ਵਿਚ, ਕਦੇ ਰੋਮਾਨੀ ਕਲਪਨਾ ਦੇ ਰੂਪ ਵਿਚ ਅਤੇ ਕਦੇ ਵੀਰਤਾਪੂਰਣ ਸੰਘਰਸ਼ ਦੀ ਪੇਸ਼ਕਾਰੀ ਦੇ ਰੂਪ ਵਿਚ। ਭਿੰਨ-ਭਿੰਨ ਧਾਰਾਵਾਂ ਅਤੇ ਪ੍ਰਵਿਰਤੀਆਂ ਦੇ ਅੰਤਰਗਤ ਸਾਮ੍ਹਣੇ ਆਇਆ ਉਸਦਾ ਸਾਹਿਤਕ ਪ੍ਰਵਚਨ ਉਦਾਰ ਮਾਨਵਵਾਦੀ ਕਦਰਾਂ-ਕੀਮਤਾਂ ਦਾ ਪੈਗ਼ਾਮ ਦਿੰਦਾ ਹੈ। ਇਹ ਹਰ ਕਿਸਮ ਦੇ ਦਮਨ, ਸ਼ੋਸ਼ਣ ਅਤੇ ਅਨਿਆਂ ਵਿਰੁਧ ਨਾਬਰੀ ਸਿਖਾਉਂਦਾ ਹੈ ਅਤੇ ਸਾਧਾਰਣ ਲੋਕਾਂ ਲਈ ਕ੍ਰਾਂਤੀ ਅਤੇ ਮੁਕਤੀ ਦਾ ਪ੍ਰਵਚਨ ਬਣ ਕੇ ਉਜਾਗਰ ਹੁੰਦਾ ਹੈ।